KWANTLEN STUDENT ASSOCIATION

myBenefits

# ਕਵਾਂਟਲੇਨ ਸਟੂਡੈਂਟ ਐਸੋਸੀਏਸ਼ਨ ਸਟੂਡੈਂਟ ਹੈਲਥ ਐਂਡ ਡੈਂਟਲ ਪਲਾਨ

| ਲਾਭ | ਅਧਿਕਤਮ |
|---|---|
| ਤਜਵੀਜ਼ ਕੀਤੀ ਗਈ ਦਵਾਈ | 90% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ, ਪਰ ਪ੍ਰਤੀ ਲਾਭ ਸਾਲ ਅਧਿਕਤਮ $3,000 ਤੱਕ। ਰੋਕਥਾਮਕਾਰੀ ਵੈਕਸੀਨਾਂ ਲਈ ਪ੍ਰਤੀ ਲਾਭ ਸਾਲ ਅਧਿਕਤਮ $150 ਤੱਕ। (ਵਿਆਪਕ ਰਾਈਡਰ ਦੇ ਨਾਲ ਬੀ.ਸੀ. ਪ੍ਰੋਵਿੰਸ਼ੀਅਲ ਫਾਰਮੂਲਰੀ ਦੇ ਆਧਾਰ 'ਤੇ) ਤੰਬਾਕੂਨੋਸ਼ੀ ਛੱਡਣ ਦੇ ਅਜਿਹੇ ਉਤਪਾਦਾਂ ਵਾਸਤੇ ਜੀਵਨਕਾਲ ਵਿੱਚ $500 ਜਿੰਨ੍ਹਾਂ ਵਾਸਤੇ ਕਨੂੰਨੀ ਤੌਰ 'ਤੇ ਡਾਕਟਰ ਦੀ ਪਰਚੀ ਦੀ ਲੋੜ ਪੈਂਦੀ ਹੈ। |
| ਨਜ਼ਰ | 100% ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ, ਇੱਕ ਅੱਖ ਦੀ ਜਾਂਚ ਵਾਸਤੇ ਹਰ 24 ਮਹੀਨਿਆਂ ਬਾਅਦ $60, ਹਰ 24 ਮਹੀਨਿਆਂ ਬਾਅਦ ਅੱਖਾਂ ਦੀਆਂ ਐਨਕਾਂ ਜਾਂ ਕਾਂਟੈਕਟ ਲੈਂਜ਼ਾਂ ਵਾਸਤੇ $150 ਤੱਕ। |
| **ਸਪਲੀਮੈਂਟਰੀ ਹੈਲਥ ਕੇਅਰ** | |
| ਪੈਰਾਮੈਡੀਕਲ ਪ੍ਰੈਕਟੀਸ਼ਨਰ:<br>*ਡਾਕਟਰ ਦੀ ਪਰਚੀ ਦੀ ਲੋੜ ਹੈ | 80% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ, ਪ੍ਰਤੀ ਮੁਲਾਕਾਤ ਵੱਧ ਤੋਂ ਵੱਧ $25 ਅਤੇ ਸਮੁੱਚੀ ਯੋਜਨਾ ਵਾਸਤੇ ਪ੍ਰਤੀ ਪ੍ਰੈਕਟੀਸ਼ਨਰ ਪ੍ਰਤੀ ਲਾਭ ਸਾਲ ਅਧਿਕਤਮ $400 ਤੱਕ। ਰਜਿਸਟਰਡ ਮਸਾਜ ਥੈਰਾਪਿਸਟ*, ਫਿਜ਼ੀਓਥੈਰਾਪਿਸਟ*, ਨੈਚਰੋਪੈਥ, ਕਾਈਰੋਪ੍ਰੈਕਟਰ, ਓਸਟੀਓਪੈਥ, ਪੋਡੀਐਟਰਿਸਟ ਜਾਂ ਕੀਰੋਪੋਡਿਸਟ, ਸਾਈਕਾਲੋਜਿਸਟ ਜਾਂ ਸ਼ੋਸ਼ਲ ਵਰਕਰ, ਸਪੀਚ ਲੈਂਗੂਏਜ ਪੈਥਾਲੋਜਿਸਟ* |
| ਦੰਦਾਂ ਨੂੰ ਹਾਦਸਾ*<br>ਪੂਰਵ-ਅਖਤਿਆਰਕਰਨ ਦੀ ਲੋੜ ਹੈ | 80% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਪ੍ਰਤੀ ਹਾਦਸਾ $1,000 ਤੱਕ ਸੀਮਤ ਹੈ। *ਸੇਵਾਵਾਂ ਹਾਦਸੇ ਦੇ 12 ਮਹੀਨਿਆਂ ਦੇ ਅੰਦਰ ਲਾਜ਼ਮੀ ਤੌਰ 'ਤੇ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। |
| ਐਂਬੂਲੈਂਸ | 80% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ, ਜੋ ਪ੍ਰਤੀ ਘਟਨਾ $250 ਤੱਕ ਸੀਮਤ ਹੈ। |
| ਡਾਕਟਰੀ ਸਾਜ਼ੋ-ਸਾਮਾਨ ਅਤੇ ਸਪਲਾਈਆਂ<br>ਡਾਕਟਰ ਦੀ ਪਰਚੀ ਅਤੇ ਪੂਰਵ-ਅਖਤਿਆਰਕਰਨ ਦੀ ਲੋੜ ਪੈ ਸਕਦੀ ਹੈ<br>ਸਿਰਫ ਐਥਲੈਟਿਕ ਵਰਤੋਂ ਵਾਸਤੇ ਨਹੀਂ | 80% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਜਿਸ ਵਿੱਚ ਨਿਮਨਲਿਖਤ ਸ਼ਾਮਲ ਹੈ ਪਰ ਸੂਚੀ ਏਥੇ ਤੱਕ ਸੀਮਤ ਨਹੀਂ ਹੈ: ਵੈਸਾਖੀਆਂ, ਵੀਲ੍ਹਚੇਅਰ, ਹਸਪਤਾਲ-ਵਰਗਾ ਬੈੱਡ, ਨਕਲੀ-ਅੰਗ, ਸਖਤ ਅਤੇ ਨੀਮ-ਸਖਤ ਬ੍ਰੇਸਾਂ (braces)। ਉਚੇਚੇ ਬਣਾਏ ਓਰਥੋਪੀਡਿਕ ਜੁੱਤੇ ਜਾਂ ਓਰਥੋਟਿਕਸ ਜੋ ਪ੍ਰਤੀ ਪੈਰ, ਪ੍ਰਤੀ ਲਾਭ ਸਾਲ $150 ਤੱਕ ਸੀਮਤ ਹਨ। |
| ਸੰਕਟਕਾਲ ਵਿੱਚ ਯਾਤਰਾ ਸਹਾਇਤਾ | 100% ਤੱਕ ਭੁਗਤਾਨ ਵਾਪਸੀ ਕੀਤੀ ਜਾਂਦੀ ਹੈ, ਜੀਵਨਕਾਲ ਵਿੱਚ ਅਧਿਕਤਮ $5,000,000 ਤੱਕ। |
| ਹੋਰ ਬੀਮੇ | ਟਿਊਟੋਰੀਅਲ, ਗੰਭੀਰ ਬਿਮਾਰੀ ਅਤੇ ਹਾਦਸੇ ਵਿੱਚ ਮੌਤ ਅਤੇ ਅੰਗ ਕੱਟੇ ਜਾਣਾ |
| **ਦੰਦਾਂ ਦੀ ਸੰਭਾਲ** | |
| ਸਾਲਾਨਾ ਅਧਿਕਤਮ | $750 ਪ੍ਰਤੀ ਲਾਭ ਸਾਲ। |
| ਤਸ਼ਖੀਸੀ ਅਤੇ ਰੋਕਥਾਮਕਾਰੀ | 90% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਪ੍ਰਤੀ ਲਾਭ ਸਾਲ ਇੱਕ ਵਾਰ ਤੱਕ ਸੀਮਤ, ਸਕੇਲਿੰਗ 2 ਯੂਨਿਟਾਂ ਤੱਕ ਸੀਮਤ ਹੈ। |
| ਛੋਟੀਆਂ ਪੁਨਰ-ਸਥਾਪਨਾ ਸੇਵਾਵਾਂ (ਫਿਲਿੰਗ) | 90% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। |
| ਦੰਦਾਂ ਨੂੰ ਕੱਢਣਾ | 60% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਪ੍ਰਤੀ ਲਾਭ ਸਾਲ 2 ਅਕਲ-ਜਾੜ੍ਹਾਂ ਤੱਕ ਦੀ ਸੀਮਾ। |
| ਇੰਡੋਡੋਂਨਟਿਕ ਅਤੇ ਪੈਰੀਓਡੋਂਨਟਿਕ | 60% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਪ੍ਰਤੀ ਲਾਭ ਸਾਲ ਸਕੇਲਿੰਗ/ਰੂਟ ਪਲੈਨਿੰਗ ਦੇ 5 ਵਧੀਕ ਯੂਨਿਟਾਂ ਤੱਕ ਸੀਮਤ। |
| ਵੱਡੀਆਂ ਪੁਨਰ-ਸਥਾਪਨਾ ਸੇਵਾਵਾਂ<br>(ਕਰਾਊਨ, ਇਨਲੇਅ, ਔਨਲੇ ਅਤੇ ਬਰਿੱਜ) | 50% ਤੱਕ ਭੁਗਤਾਨ-ਵਾਪਸੀ ਕੀਤੀ ਜਾਂਦੀ ਹੈ। ਹਰੇਕ 5 ਲਾਭ ਸਾਲਾਂ ਲਈ ਇੱਕ ਵਾਰ ਤੱਕ ਸੀਮਤ। |

ਮਹੱਤਵਪੂਰਨ! ਸਪੈਸ਼ਲਿਸਟ ਸੇਵਾਵਾਂ ਦੇ ਇਲਾਜ ਅਤੇ $500 ਤੋਂ ਵੱਧ ਦੰਦਾਂ ਦੀ ਕਿਸੇ ਵੀ ਇਲਾਜ ਯੋਜਨਾ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਕਿਰਪਾ ਕਰਕੇ ਆਪਣੀ ਬੀਮਾ ਕੰਪਨੀ ਨੂੰ ਪੂਰਵ-ਨਿਰਣਾ/ਪੂਰਵ-ਅਖਤਿਆਰਕਰਨ ਦਿਉ।

ਏਥੇ ਦਿੱਤੀ ਗਈ ਸੂਚਨਾ ਅਤੇ ਬੀਮਾ ਕੰਪਨੀ ਨਾਲ ਸਾਡੇ ਇਕਰਾਰਨਾਮੇ ਵਿਚਕਾਰ ਕਿਸੇ ਫਰਕ ਦੀ ਸੂਰਤ ਵਿੱਚ, ਇਕਰਾਰਨਾਮੇ ਦੀਆਂ ਸ਼ਰਤਾਂ ਲਾਗੂ ਹੋਣਗੀਆਂ। ਸਟੂਡੈਂਟ ਪਲਾਨ ਰਾਹੀਂ ਭੁਗਤਾਨਯੋਗ ਸਾਰੇ ਲਾਭ ਵਾਜਬ ਅਤੇ ਰਵਾਇਤੀ ਖ਼ਰਚਿਆਂ 'ਤੇ ਆਧਾਰਿਤ ਹਨ।

## KSA Student Benefits Plan Office

Room G1265
12666 - 72nd Avenue
ਫ਼ੋਨ: 604.599.2431
ਈਮੇਲ: kwantlenplan@mystudentplan.ca
@ksabenefitplan

## ਦਾਅਵਾ ਫਾਰਮ ਬਾਰੇ ਜਾਣਕਾਰੀ

ਪਲਾਨ ਨੰਬਰ: 330825
ਡਿਵੀਜ਼ਨ ਨੰਬਰ: ਲਾਗੂ ਨਹੀਂ ਹੁੰਦਾ, ਖਾਲੀ ਛੱਡ ਦਿਓ
ਕਰਮਚਾਰੀ ਪਛਾਣ ਸੰਖਿਆ: ਤੁਹਾਡੀ ਵਿਦਿਆਰਥੀ ਆਈ.ਡੀ.
ਪਲਾਨ ਦਾ ਨਾਮ: Kwantlen Student Association
ਦਾਅਵਿਆਂ ਸਬੰਧੀ ਪੁੱਛਗਿੱਛਾਂ ਵਾਸਤੇ ਕਾਲ ਕਰੋ: 1-800-957-9777

ਕਵਰੇਜ ਵਾਸਤੇ ਨਾਂ ਕਿਵੇਂ ਲਿਖਵਾਈਏ: ਵਿਦਿਆਰਥੀ ਯੋਜਨਾ ਵਾਸਤੇ ਫੀਸਾਂ ਦਾ ਮੁਲਾਂਕਣ ਆਪਣੇ-ਆਪ ਸੰਸਥਾ ਦੁਆਰਾ ਰਜਿਸਟਰੇਸ਼ਨ ਮੌਕੇ ਕੀਤਾ ਜਾਂਦਾ ਹੈ। ਜੇ ਤੁਸੀਂ ਯੋਜਨਾ ਵਾਸਤੇ ਯੋਗਤਾ ਦੀਆਂ ਕਸੌਟੀਆਂ ਨੂੰ ਪੂਰਾ ਕਰਦੇ ਹੋ ਤਾਂ ਤੁਹਾਡਾ ਨਾਂ ਵੀ ਆਪਣੇ-ਆਪ ਦਰਜ ਕਰ ਲਿਆ ਜਾਂਦਾ ਹੈ। ਜੇ ਤੁਹਾਨੂੰ ਇਸ ਬਾਰੇ ਪੱਕਾ ਪਤਾ ਨਹੀਂ ਹੈ ਕਿ ਕੀ ਤੁਸੀਂ ਯੋਗ ਹੋ ਜਾਂ ਨਹੀਂ, ਤਾਂ ਕਿਰਪਾ ਕਰਕੇ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਨਾਲ ਸੰਪਰਕ ਕਰੋ।

ਹਰੇਕ ਸਮੈਸਟਰ ਦੇ ਪਹਿਲੇ 45 ਦਿਨਾਂ ਦੌਰਾਨ, ਨਵੇਂ ਯੋਗ ਵਿਦਿਆਰਥੀਆਂ ਨੂੰ ਯੋਜਨਾ(ਵਾਂ) ਵਿੱਚ ਸ਼ਾਮਲ ਕੀਤਾ ਜਾਵੇਗਾ। ਕਿਰਪਾ ਕਰਕੇ ਦਾਖਲਾ ਪ੍ਰਕਿਰਿਆ ਪੂਰੀ ਹੋਣ 'ਤੇ ਬੀਮਾ ਕੰਪਨੀ ਨੂੰ ਸੌਂਪੇ ਜਾਣ ਵਾਸਤੇ ਇਸ ਸਮਾਂ ਮਿਆਦ ਦੌਰਾਨ ਹੋਏ ਯੋਗ ਖ਼ਰਚਿਆਂ ਦੀਆਂ ਆਪਣੀਆਂ ਰਸੀਦਾਂ ਸਾਂਭ ਕੇ ਰੱਖੋ।

ਵਾਪਸ ਆ ਰਹੇ ਯੋਗ ਵਿਦਿਆਰਥੀ ਆਪਣੇ ਵਰਤਮਾਨ myBenefits ਕਾਰਡ ਦੀ ਵਰਤੋਂ ਕਰਕੇ ਜਾਂ ਸਿੱਧੇ ਤੌਰ 'ਤੇ ਬੀਮਾ ਕੰਪਨੀ ਨੂੰ ਦਾਅਵੇ ਸੌਂਪ ਕੇ ਬਿਨਾਂ ਵਿਘਨ ਯੋਜਨਾ(ਵਾਂ) ਦੀ ਉਪਲਬਧਤਾ ਜਾਰੀ ਰੱਖ ਸਕਦੇ ਹਨ।

ਕਵਰੇਜ ਦੀ ਉਪਲਬਧਤਾ: myBenefits ਕਾਰਡ – ਪੇ-ਡਾਇਰੈਕਟ ਦਾਅਵੇ ਤੁਹਾਡੀ ਫਾਰਮੇਸੀ ਅਤੇ/ਜਾਂ ਡੈਂਟਲ ਆਫਿਸ ਅਤੇ ਬੀਮਾ ਕੰਪਨੀ ਵਿਚਕਾਰ ਯੋਗ ਲਾਗਤਾਂ ਦੇ ਸਿੱਧੇ ਬਿੱਲ ਚੁਕਾਏ ਜਾਣ ਨੂੰ ਯੋਗ ਬਣਾਉਂਦੇ ਹਨ। ਫਾਰਮੇਸੀ ਦੇ ਦਾਅਵਿਆਂ ਦਾ ਮੁਲਾਂਕਣ ਤੁਰੰਤ ਕੀਤਾ ਜਾਂਦਾ ਹੈ ਤਾਂ ਜੋ ਖਰੀਦ ਦੇ ਸਮੇਂ ਵਿਦਿਆਰਥੀ ਸਮੁੱਚੇ ਖ਼ਰਚੇ ਜੇਬ ਵਿੱਚੋਂ ਅਦਾ ਨਾ ਕਰਨ। ਦੰਦਾਂ ਸਬੰਧੀ ਦਾਅਵਿਆਂ ਦਾ ਮੁਲਾਂਕਣ ਸਬੰਧਤ ਡੈਂਟਲ ਆਫਿਸ ਦੀਆਂ ਬਿੱਲਾਂ ਸਬੰਧੀ ਪ੍ਰਥਾਵਾਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਹਨਾਂ ਦਾਅਵਿਆਂ ਦੀ ਪ੍ਰਾਪਤੀ myBenefits ਕਾਰਡ ਨਾਲ ਹੁੰਦੀ ਹੈ। ਤੁਹਾਡੇ myBenefits ਕਾਰਡ ਨੂੰ ਹਾਸਲ ਕਰਨ ਤੋਂ ਪਹਿਲਾਂ ਇੱਕ ਬੀ.ਸੀ. ਫੇਅਰ ਫਾਰਮਾਕੇਅਰ ਐਂਡ ਕਾਰਡ (BC Fair Pharmacare and Card) ਅਰਜ਼ੀ ਭਰਨੀ ਲਾਜ਼ਮੀ ਹੈ।

eClaims: Great-West Life GroupNet ਕੋਲ ਆਪਣੇ ਦਾਅਵਿਆਂ ਨੂੰ ਇਲੈਕਟਰਾਨਿਕ ਤਰੀਕੇ ਨਾਲ ਔਨਲਾਈਨ ਜਾਂ ਮੋਬਾਈਲ ਐਪ ਦੇ ਰਾਹੀਂ ਭੇਜੋ।
eClaims ਦੇ ਸਬੰਧ ਵਿੱਚ ਵਧੇਰੇ ਜਾਣਕਾਰੀ mystudentplan.ca 'ਤੇ ਜਾਕੇ ਦੇਖੀ ਜਾ ਸਕਦੀ ਹੈ।

ਹੱਥੀਂ ਭਰੇ ਦਾਅਵੇ – ਹੱਥੀਂ ਭਰੇ ਦਾਅਵੇ ਨੂੰ ਜਮ੍ਹਾਂ ਕਰਾਉਣ ਲਈ, ਬੀਮਾ ਦਾਅਵਾ ਫਾਰਮ ਭਰੋ, ਅਸਲੀ ਰਸੀਦਾਂ ਅਤੇ ਦਸਤਾਵੇਜ਼ ਨਾਲ ਨੱਥੀ ਕਰੋ, ਅਤੇ ਡਾਕ ਰਾਹੀਂ ਬੀਮਾ ਕੰਪਨੀ ਨੂੰ ਭੇਜ ਦਿਓ। ਆਪਣੇ ਰਿਕਾਰਡ ਵਾਸਤੇ ਸਾਰੇ ਅਸਲ ਦਸਤਾਵੇਜ਼ਾਂ ਦੀ ਇੱਕ ਨਕਲ ਆਪਣੇ ਕੋਲ ਰੱਖਣੀ ਯਾਦ ਰੱਖੋ। ਤੁਸੀਂ ਦਾਅਵੇ ਦੇ ਫਾਰਮਾਂ ਨੂੰ mystudentplan.ca ਤੋਂ ਡਾਊਨਲੋਡ ਕਰ ਸਕਦੇ ਹੋ ਜਾਂ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਤੋਂ ਲੈ ਸਕਦੇ ਹੋ।

ਕਵਰੇਜ ਦੀ ਛੋਟ ਦੇਣਾ: ਜੇ ਤੁਸੀਂ ਇੱਕ ਯੋਗ ਵਿਦਿਆਰਥੀ ਹੋ ਅਤੇ ਤੁਹਾਡੇ ਕੋਲ ਕੋਈ ਤੁਲਨਾਤਮਕ ਸਿਹਤ ਅਤੇ/ਜਾਂ ਦੰਦਾਂ ਸਬੰਧੀ ਕਵਰੇਜ ਹੈ ਤਾਂ ਤੁਸੀਂ ਲਾਭਾਂ ਦੀ ਛੋਟ ਵਾਸਤੇ ਅਰਜ਼ੀ ਦੇ ਸਕਦੇ ਹੋ। ਹਰ ਸਾਲ ਸਿਹਤ ਅਤੇ/ਜਾਂ ਦੰਦਾਂ ਦੀ ਯੋਜਨਾ(ਵਾਂ) ਤਹਿਤ ਲਾਭਾਂ ਦੀ ਛੋਟ ਲਈ ਹਰ ਵਿਦਿਆਰਥੀ ਨੂੰ ਇੱਕ ਮੌਕਾ ਦਿੱਤਾ ਜਾਂਦਾ ਹੈ। ਛੋਟ ਸਬੰਧੀ ਸਾਰੇ ਫਾਰਮਾਂ ਨੂੰ ਲਾਜ਼ਮੀ ਤੌਰ 'ਤੇ ਔਨਲਾਈਨ ਜਾਂ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਦੇ ਰਾਹੀਂ ਭਰਿਆ ਜਾਣਾ ਚਾਹੀਦਾ ਹੈ ਅਤੇ ਤੁਹਾਡੇ ਪ੍ਰੋਗਰਾਮ ਦੀ ਸ਼ੁਰੂਆਤ ਤੋਂ ਲੈਕੇ 30 ਦਿਨਾਂ ਅੰਦਰ ਇਹ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਸਕੂਲ ਸਾਲ ਦੌਰਾਨ ਹੋਰ ਕਿਸੇ ਵੀ ਸਮੇਂ ਤੁਸੀਂ ਕਵਰੇਜ ਤੋਂ ਬਾਹਰ ਹੋਣ ਦੇ ਯੋਗ ਨਹੀਂ ਹੋਵੋਂਗੇ। ਜੇ ਅੰਤਿਮ-ਮਿਤੀ ਖੁੰਝ ਜਾਂਦੀ ਹੈ ਤਾਂ ਕੋਈ ਅਪਵਾਦ ਨਹੀਂ ਵਿਚਾਰੇ ਜਾਣਗੇ। ਜੇ ਵਿਦਿਆਰਥੀ ਕਵਰੇਜ ਨਾ ਲੈਣ ਲਈ ਲਾਗੂ ਅੰਤਿਮ-ਮਿਤੀ ਨੂੰ ਖੁੰਝਾ ਦਿੰਦਾ ਹੈ, ਤਾਂ ਯੋਜਨਾ ਦੀਆਂ ਫੀਸਾਂ ਦਾ ਭੁਗਤਾਨ ਕਰਨਾ ਵਿਦਿਆਰਥੀ ਦੀ ਜਿੰਮੇਵਾਰੀ ਹੈ।

ਤੁਹਾਡੇ ਕਵਰੇਜ ਨਾ ਲੈਣ ਦੀ ਚੋਣ ਨੂੰ ਮਨਜ਼ੂਰੀ ਮਿਲਣ ਤੇ ਯੋਜਨਾ ਦੀ ਫੀਸ ਕ੍ਰੈਡਿਟ ਕਰ ਦਿੱਤੀ ਜਾਏਗੀ । ਕਵਰੇਜ ਤੋਂ ਬਾਹਰ ਰਹਿਣ ਦੀ ਚੋਣ ਕਰਨ ਵਾਲੀਆਂ ਬੇਨਤੀਆਂ ਆਪਣੇ ਆਪ ਜਾਰੀ ਨਹੀਂ ਰਹਿੰਦੀਆਂ। ਜੇ ਤੁਸੀਂ ਅਗਲੇ ਸਾਲ ਵੀ ਵਿਦਿਆਰਥੀ ਯੋਜਨਾ ਤੋਂ ਬਾਹਰ ਰਹਿਣ ਦੀ ਇੱਛਾ ਕਰਦੇ ਹੋ, ਤਾਂ ਤੁਹਾਨੂੰ ਤੈਅ ਅੰਤਿਮ ਸਮਾਂ-ਸੀਮਾ ਤੋਂ ਪਹਿਲਾਂ ਇਸ ਪ੍ਰਕਿਰਿਆ ਨੂੰ ਦੁਬਾਰਾ ਪੂਰਾ ਕਰਨ ਦੀ ਲੋੜ ਹੋਵੇਗੀ।

ਕਵਰੇਜ ਵਿੱਚ ਤਾਲਮੇਲ ਕਰਨਾ: ਜੇ ਤੁਸੀਂ ਕੋਈ ਯੋਗ ਵਿਦਿਆਰਥੀ ਹੋ ਅਤੇ ਤੁਹਾਡੇ ਕੋਲ ਤੁਲਨਾਤਮਕ ਕਵਰੇਜ ਹੈ ਤਾਂ ਤੁਸੀਂ ਯੋਜਨਾਵਾਂ ਵਿੱਚ ਤਾਲਮੇਲ ਬਿਠਾਉਣ ਦੀ ਇੱਛਾ ਕਰ ਸਕਦੇ ਹੋ। ਤੁਹਾਡੀ ਕਵਰੇਜ ਨੂੰ ਕੀਤੇ ਗਏ ਅਸਲ ਖ਼ਰਚੇ (ਖ਼ਰਚਿਆਂ) ਦੇ 100% ਤੱਕ ਵਧਾਉਣ ਲਈ ਦੋਨਾਂ ਯੋਜਨਾਵਾਂ ਤਹਿਤ ਲਾਭਾਂ ਵਿੱਚ ਤਾਲਮੇਲ ਬੈਠਾਇਆ ਜਾ ਸਕਦਾ ਹੈ। ਉਦਾਹਰਨ ਲਈ, ਇਸ ਯੋਜਨਾ ਤਹਿਤ ਭੁਗਤਾਨ ਦੀ ਪਾਲਣਾ ਕਰਦੇ ਹੋਏ, ਤੁਸੀਂ ਬਾਕੀ ਬਕਾਇਆ ਖਰਚੇ ਦੂਸਰੀ ਯੋਜਨਾ ਨੂੰ ਵਿਚਾਰਨ ਵਾਸਤੇ ਸੌਂਪ ਸਕਦੇ ਹੋ।

ਪਰਿਵਾਰਕ ਕਵਰੇਜ ਸ਼ਾਮਲ ਕਰਨਾ: ਹਰ ਸਾਲ, ਤੁਹਾਨੂੰ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਵਿਖੇ ਇੱਕ ਅਰਜ਼ੀ ਫਾਰਮ ਭਰ ਕੇ ਅਤੇ ਪਰਿਵਾਰਕ ਕਵਰੇਜ ਫੀਸ ਅਦਾ ਕਰ ਕੇ, ਆਪਣੀ ਪਤਨੀ/ਪਤੀ ਅਤੇ/ਜਾਂ ਆਸ਼ਰਿਤ(ਤਾਂ) ਵਿਅਕਤੀ ਵਾਸਤੇ ਪਰਿਵਾਰਕ ਕਵਰੇਜ ਖਰੀਦਣ ਦਾ ਇੱਕ ਮੌਕਾ ਦਿੱਤਾ ਜਾਂਦਾ ਹੈ। ਸਾਰੇ ਪਰਿਵਾਰਕ ਐਡ-ਆਨ ਫਾਰਮ ਅਤੇ ਫੀਸਾਂ ਲਾਜ਼ਮੀ ਤੌਰ 'ਤੇ ਤੁਹਾਡੇ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ 30 ਦਿਨਾਂ ਅੰਦਰ ਮਿਲ ਜਾਣੇ ਚਾਹੀਦੇ ਹਨ। ਤੁਹਾਡੇ ਪਰਿਵਾਰ ਨੂੰ ਕੇਵਲ ਤਦ ਤੱਕ ਕਵਰ ਕੀਤਾ ਜਾ ਸਕਦਾ ਹੈ ਜਦ ਤੱਕ ਤੁਸੀਂ ਯੋਜਨਾ(ਵਾਂ) ਵਾਲੇ ਵਿਦਿਆਰਥੀ ਬਣੇ ਰਹਿੰਦੇ ਹੋ। ਪਰਿਵਾਰਕ ਐਡ ਆਨ ਕਵਰੇਜ ਨੂੰ ਹਰ ਸਾਲ ਨਵਿਆਇਆ ਜਾਣਾ ਲਾਜ਼ਮੀ ਹੈ। ਪਰਿਵਾਰਕ ਕਵਰੇਜ ਬਾਰੇ ਹੋਰ ਵੇਰਵੇ ਵਾਸਤੇ, mystudentplan.ca ਦੇਖੋ ਜਾਂ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਵਿਖੇ ਆਓ।

ਤੁਲਨਾਤਮਕ ਕਵਰੇਜ ਦੀ ਹਾਨੀ: ਜੇ ਯੋਜਨਾ ਵਿੱਚੋਂ ਬਾਹਰ ਰਹਿਣ ਲਈ ਵਰਤੀ ਗਈ ਵਿਦਿਆਰਥੀ ਦੀ ਤੁਲਨਾਤਮਕ ਕਵਰੇਜ ਖਤਮ ਹੋ ਜਾਂਦੀ ਹੈ, ਜਾਂ ਯੋਗ ਆਸ਼ਰਿਤਾਂ ਨੂੰ ਕਵਰ ਕਰਨ ਲਈ ਪ੍ਰਦਾਨ ਕੀਤੀ ਕਵਰੇਜ ਖਤਮ ਹੋ ਜਾਂਦੀ ਹੈ, ਤਾਂ ਸਟੂਡੈਂਟ ਬੈਨੀਫਿਟਸ ਪਲਾਨ ਆਫਿਸ ਨੂੰ ਸੂਚਿਤ ਕਰਨ ਅਤੇ ਯੋਜਨਾ ਵਿਚ ਦਾਖਲ ਹੋਣ ਅਤੇ ਕਵਰੇਜ ਲੈਣ ਲਈ ਵਿਦਿਆਰਥੀਆਂ ਕੋਲ ਕਵਰੇਜ ਦੀ ਹਾਨੀ ਤੋਂ ਲੈਕੇ 30 ਦਿਨ ਹੁੰਦੇ ਹਨ । ਮੁੜ-ਅਰਜ਼ੀ ਦੇਣ ਮੌਕੇ ਕਵਰੇਜ ਦੀ ਹਾਨੀ ਦੀ ਤਸਦੀਕ ਦੀ ਲੋੜ ਹੁੰਦੀ ਹੈ।